International Journal of Applied Research 2014; 1(1): 471-473




**ISSN Print:** 2394-7500
**ISSN Online:** 2394-5869
**Impact Factor:** 3.4
IJAR 2014; 1(1): 471-473
www.allresearchjournal.com
Received: 22-10-2014
Accepted: 25-11-2014

**ਡਾ. ਗੁਰਜੀਤ ਕੌਰ**
ਐਸੋਸੀਏਟ ਪ੍ਰੋਫ਼ੈਸਰ, ਪੰਜਾਬੀ ਵਿਭਾਗ, ਮਾਤਾ ਸੁੰਦਰੀ ਕਾਲਜ, ਦਿੱਲੀ ਯੂਨੀਵਰਸਿਟੀ, ਦਿੱਲੀ, ਭਾਰਤ

**Correspondence:**
**ਡਾ. ਗੁਰਜੀਤ ਕੌਰ**
ਐਸੋਸੀਏਟ ਪ੍ਰੋਫ਼ੈਸਰ, ਪੰਜਾਬੀ ਵਿਭਾਗ, ਮਾਤਾ ਸੁੰਦਰੀ ਕਾਲਜ, ਦਿੱਲੀ ਯੂਨੀਵਰਸਿਟੀ, ਦਿੱਲੀ, ਭਾਰਤ

# ਪੌਣ ਉਦਾਸ ਹੈ - ਹਰਭਜਨ ਹਲਵਾਰਵੀ ਦਾ ਕਾਵਿ-ਚਿੰਤਨ

## ਡਾ. ਗੁਰਜੀਤ ਕੌਰ

ਹਰਭਜਨ ਹਲਵਾਰਵੀ ਦੇ ਪਹਿਲੇ ਕਾਵਿ-ਸੰਗ੍ਰਹਿ 'ਪੌਣ ਉਦਾਸ ਹੈ' ਦਾ ਪ੍ਰਕਾਸ਼ਨ 1981 ਵਿਚ ਹੋਇਆ ਸੀ। ਉਂਜ ਪੰਜਾਬੀ ਦੇ ਮਾਸਿਕ ਚ ਉਸਦੀਆਂ ਕਵਿਤਾਵਾਂ ਨਕਸਲਵਾਦੀ ਲਹਿਰ ਦੇ ਸਮੇਂ ਤੋਂ ਹੀ ਹੋ ਰਹੀਆਂ ਸੀ। ਉਸ ਸਮੇਂ ਨਕਸਲਵਾਦੀ ਲਹਿਰ ਫਿੱਕੀ ਪੈ ਚੁੱਕੀ ਸੀ ਤੇ ਇਸੇ ਕਾਰਣ ਉਸ ਨਾਲ ਜੁੜੇ ਕਵੀ ਮਾਹੌਲ ਬਾਰੇ ਕੁਝ ਉਦਾਸੀ ਵੀ ਮਹਿਸੂਸ ਕਰ ਰਹੇ ਸਨ। ਇਸੇ ਕਾਰਣ ਹਲਵਾਰਵੀ ਨੇ ਆਪਣੇ ਸੰਗ੍ਰਹਿ ਦਾ ਨਾਂ ਪੌਣ ਉਦਾਸ ਹੈ। ਪਰ ਉਸਦੇ ਇਸ ਸੰਗ੍ਰਹਿ ਦਾ ਕਈ ਪੱਖਾਂ ਤੋਂ ਮਹੱਤਵ ਬਣਦਾ ਹੈ। ਇਕ ਤਾਂ ਇਹ ਹੈ ਕਿ 'ਪਾਸ਼' ਦੇ ਨਾਲ ਉਹ ਉਸ ਲਹਿਰ ਤੋਂ ਅਗਾਂਹ ਤੁਰਿਆ ਮਹੱਤਵਯੋਗ ਕਵੀ ਸਾਹਮਣੇਂ ਆਉਂਦਾ ਹੈ ਤੇ ਦੂਸਰਾ ਮਹੱਤਵ ਇਹ ਹੈ ਕਿ ਉਹ ਸਮਕਾਲੀ ਕਵਿਤਾ ਜਿਨ੍ਹਾਂ ਸਮੱਸਿਆਵਾਂ ਤੋਂ ਲੰਘ ਰਹੀ ਸੀ ਉਸ ਬਾਰੇ ਵੀ ਬਹੁਤ ਸੁਚੇਤ ਨਜ਼ਰ ਆਉਂਦਾ ਹੈ। ਇਸੇ ਲਈ ਉਸਦੇ ਇਸ ਸੰਗ੍ਰਹਿ ਨੂੰ ਤਤਕਾਲੀ ਕਵਿਤਾ ਨੂੰ ਧਿਆਨ ਵਿਚ ਰਖਦਿਆਂ ਵਿਚਾਰਨਾ ਜ਼ਰੂਰੀ ਹੈ।

ਉਸ ਸਮੇਂ ਇਕ ਪਾਸੇ ਨਕਸਲਵਾਦੀ ਲਹਿਰ ਤੋਂ ਪ੍ਰਭਾਵਿਤ ਜੁਝਾਰੂ ਜਾਂ ਕ੍ਰਾਂਤੀਤਾਰੀ ਕਵਿਤਾ ਰਚੀ ਜਾ ਰਹੀ ਸੀ ਤੇ ਜਾਂ ਦੂਜੇ ਪਾਸੇ ਪ੍ਰਯੋਗਸ਼ੀਲ ਤੇ ਆਧੁਨਿਕਤਾਵਾਦੀ ਕਵਿਤਾ ਵੀ ਜਾਰੀ ਸੀ। ਜਿਸ ਵਿਚ ਵਧੇਰੇ ਰੂਪਵਾਦੀ ਦ੍ਰਿਸ਼ਟੀ ਪ੍ਰਧਾਨ ਸੀ ਜਿਸ ਵਿਚ ਸ਼ਬਦਾਂ ਦੀ ਵਧੇਰੇ ਆਧੁਨਿਕਤਾ ਵੱਲ ਧਿਆਨ ਦਿੱਤਾ ਜਾ ਰਿਹਾ ਸੀ। ਨਗਰ ਦੇ ਸਭਿਆਚਾਰ ਦਾ ਨਾਰਾ ਲਾਇਆ ਜਾ ਰਿਹਾ ਸੀ। ਆਲੋਚਕਾਂ ਤੇ ਕਵੀਆਂ ਵਲੋਂ ਸ਼ੁੱਧ ਕਾਵਿ ਦੀ ਗੱਲ ਵੀ ਸਾਹਮਣੇ ਲਿਆਂਦੀ ਗਈ ਸੀ (ਡਾ. ਹਰਭਜਨ ਸਿੰਘ ਵਲੋਂ) । ਹਰਭਜਨ ਹਲਵਾਰਵੀ ਇਸ ਕਿਸਮ ਦੇ ਕਾਵਿ-ਸ਼ਾਸਤਰ ਦੇ ਹੱਕ ਵਿਚ ਨਹੀਂ ਸੀ ਉਹ ਮਾਰਕਸਵਾਦੀ ਤੇ ਪ੍ਰਗਤੀਵਾਦੀ ਕਾਵਿ-ਸ਼ਾਸਤਰ ਨਾਲ ਪ੍ਰਤੀਬੱਧ ਸੀ। ਉਹ ਸ਼ਬਦਾਂ ਤੇ ਅਰਥਾਂ ਨੂੰ ਕਵਿਤਾਵਾਂ ਵਿਚ ਕਥਨ ਦੀ ਪੱਧਰ ਤੇ ਵੀ ਸਾਮ੍ਹਣੇ ਲਿਆਂਦਾ ਹੈ ਮਿਸਾਲ ਦੇ ਤੌਰ ਤੇ ਉਸਦੀ ਕਵਿਤਾ 'ਜੰਮਣ ਵਾਲੇ ਸ਼ਬਦ' ਨੂੰ ਸੰਪੂਰਣ ਤੌਰ ਤੇ ਦੇਖਿਆ ਜਾ ਸਕਦਾ ਹੈ:

ਇਕ ਚਿੰਗਿਆੜੀ ਲੈ ਕੇ ਮਘਦੇ ਸੂਰਜ ਕੋਲੋਂ
ਆਪਣੇ ਆਂਗਣ ਮੈਂ ਵੀ
ਅੱਗ ਜਲਾ ਬੈਠਾ ਹਾਂ।
ਇਸ ਅੱਗ ਵਿੱਚ ਮੈਂ ਪਾ ਦੇਣਾ ਹੈ
ਕੁਲ ਪ੍ਰਾਪਤ ਸ਼ਬਦਾਂ ਤੇ ਅਰਥਾਂ ਦਾ ਬਾਲਣ
ਤੇ ਇਸ ਚਿੰਗਿਆੜੀ ਨੂੰ
ਭਾਂਬੜ ਕਰ ਦੇਣਾ ਹੈ।
ਇਸ ਅੰਗ ਤੋਂ ਕੁਝ ਤਾਂ ਸੇਕ ਮਿਲੇਗਾ
ਚਾਨਣ ਦਾ ਵਿਸ਼ਵਾਸ ਰਹੇਗਾ
ਹੋ ਜਾਏਗੀ ਪਰਖ
ਨਾਲ ਹੀ ਮੇਰੇ ਕੁਝ ਸ਼ਬਦਾਂ, ਅਰਥਾਂ ਦਾ
ਤੇ ਉਨ੍ਹਾਂ ਦੇ ਸੰਗ ਕਮਾਏ
ਚੇਤਨ ਅਵਚੇਤਨ ਕਰਮਾਂ ਦੀ,

ਝੂਠੇ ਸ਼ਬਦ, ਅਰਥ ਜਲ ਜਾਣੇ
ਸੱਚ ਦੀ ਕਣੀ ਹੋਰ ਲਿਸ਼ਕੇਗੀ
ਸ਼ਬਦ ਜੰਮਦੇ, ਗੱਲਾਂ ਕਰਦੇ ਤੇ ਮਰ ਜਾਂਦੇ
ਅਰਥਾਂ ਤੋਂ ਅਰਥਾਂ ਤੱਕ
ਇਕ ਪ੍ਰਵਾਹ ਚਲਦਾ ਹੈ।" (ਜੰਮਣ ਵਾਲੇ ਸ਼ਬਦ ਪੰ. 13)

ਹਰਭਜਨ ਹਲਵਾਰਵੀ ਨੇ ਸ਼ਬਦਾਂ ਤੇ ਅਰਥਾਂ ਦੀ ਇਸ ਗੱਲ ਨੂੰ ਆਪਣੀਆਂ ਹੋਰ ਕਈ ਕਵਿਤਾਵਾਂ ਵਿਚ ਵੀ ਪੇਸ਼ ਕੀਤਾ ਹੈ ਤੇ ਉਸ ਭਾਸ਼ਾ ਨੂੰ ਵੀ ਨਿੰਦਿਆ ਹੈ ਜਿਸ ਵਿਚ ਵਧੇਰੇ ਸਮਾਜਕ ਸਾਰਥਕਤਾ ਨਹੀਂ ਰਹਿ ਗਈ।

ਭਾਸ਼ਾ ਸਿਰਫ ਬਕਵਾਸ ਕਰਨ ਦਾ
ਮਾਧਿਅਮ ਬਣ ਕੇ ਰਹਿ ਗਈ ਹੈ,
ਗਲੀ-ਗਲੀ 'ਚ ਉਡ ਰਹੀ ਹੈ,
ਚੁੱਪ ਦੀ ਸੁਆਹ,
ਜਿਸ 'ਚ ਕੁਝ ਅਣਕਹੇ ਬੋਲ
ਸੁਲਘਦੇ ਨੇ।" (ਅਣਕਹੇ ਬੋਲ' ਪੰ. 57)

ਉਸਨੇ ਇਸੇ ਦ੍ਰਿਸ਼ਟੀ ਤੋਂ ਇਸ ਪੁਸਤਕ ਵਿਚ ਨਵੀ ਵਿਅੰਗਮਈ ਕਵਿਤਾਵਾਂ ਲਿਖੀਆਂ ਹਨ। ਉਦਾਹਰਣ ਦੇ ਤੌਰ ਤੇ ਉਸਦੀ ਕਵਿਤਾ ‘ਸੇਵਾ 'ਚ ਹਾਜ਼ਰ ' (ਪੰਨਾ 23) ਸ਼ੁਧ ਕਾਵਿ ਦੇ ਸੰਕਲਪ ਉਪਰ ਵਿਅੰਗ ਕਰਦੀ ਹੈ ਉਨਾਂ ਬੁੱਧੀਜੀਵੀਆਂ ਉਪਰ ਵਿਅੰਗ ਕਰਦੀ ਹੈ ਜੋ ਸੋਲਜੇ ਨਿਤਸਨ ਵਾਂਗ ਨਿੱਜੀ ਸੁਤੰਤਰਤਾ ਦੇ ਨਾਅਰੇ ਲਾਉਂਦੇ ਹਨ (ਪੰਨਾ 54)। ਤੇ ਉਨ੍ਹਾਂ ਤੇ ਵੀ ਵਿਅੰਗ ਕਰਦੀ ਹੈ ਜੋ ਇਸ ਸਮੇਂ ਵਿਚ ਅੱਖਰਾਂ ਦੇ ਠੀਕ ਮਹੱਤਵ ਨੂੰ ਨਹੀਂ ਸਮਝ ਸਕਦੇ। ਹਰਭਜਨ ਹਲਵਾਰਵੀ ਦੀ ਇਸ ਕਾਵਿ ਚੇਤਨਾ ਬਾਰੇ ਡਾ. ਸੁਤਿੰਦਰ ਸਿੰਘ ਨੂਰ ਨੇ ਆਪਣੀ ਪੁਸਤਕ 'ਆਧੁਨਿਕ ਪੰਜਾਬੀ ਕਾਵਿ ਸਿਧਾਂਤਕ ਪਰਿਪੇਖ' ਵਿਚ ਵਿਸਥਾਰ ਨਾਲ ਵਿਸ਼ਲੇਸ਼ਣ ਕੀਤਾ ਇਸੇ ਲਈ ਅਸੀਂ ਇਸ ਵੱਲ ਕੇਵਲ ਸੰਕੇਤ ਕੀਤਾ ਹੈ ਇਸਦਾ ਵਿਸਥਾਰ ਨਹੀਂ ਕੀਤਾ।[1]

ਅਸੀਂ ਇਸ ਪੁਸਤਕ ਵਿਚ ਪੈਦਾ ਹੁੰਦੇ ਇੱਕ ਵਿਸ਼ੇਸ਼ ਤਨਾਉ ਵੱਲ ਸੰਕੇਤ ਕਰਨਾ ਚਾਹੁੰਦੇ ਹਾਂ। ਨਕਸਲਵਾਦੀ ਜਾਂ ਕ੍ਰਾਂਤੀਕਾਰੀ ਠਹਿਰਦੀਆਂ ਸੰਭਾਵਨਾਵਾਂ ਜਿਵੇਂ ਉਸ ਸਮੇਂ ਸਿਲ ਹੋ ਗਈਆਂ ਉਸਨੇ ਉਸ ਸਮੇਂ ਦੀ ਕਵਿਤਾ ਵਿਚ ਵੀ ਇਕ ਤਨਾਉ ਪੈਦਾ ਕੀਤਾ। ਉਦਾਹਰਣ ਦੇ ਤੌਰ ਤੇ ਹਰਭਜਨ ਹਲਵਾਰਵੀ ਨੇ ਆਪਣੀ ਕਵਿਤਾ ‘ਕੁਝ ਕਦਮਾਂ ਦੀ ਵਿਥ ਤੇ' ਵਿਚ ਲਿਖਿਆ :

ਸਾਥੋਂ ਕੁਝ ਕਦਮਾਂ ਦੀ ਵਿੱਥ 'ਤੇ
ਵਗਦੀ ਰਹੀ

ਸੰਭਾਵਨਾਵਾਂ ਦੀ ਸੂਕਦੀ ਅਥਰੀ ਨਦੀ
ਸਾਡੇ ਪੈਰਾਂ ਵਿਚਲੀ ਲਗਨ ਸੀ
ਪਾਣੀ ਦੀ ਭਾਲ,
ਇਹ ਕੁਝ ਕਦਮਾਂ ਦੀ ਵਿੱਥ
ਮਾਰੂਥਲ ਦੇ ਸਫਰ ਦੀ
ਮਜਬੂਰੀ ਬਣ ਕੇ ਰਹਿ ਗਈ।

ਸ਼ਾਇਦ ਇਹ ਸਿਰਫ
ਸਾਡੇ ਨਾਲ ਹੀ ਹੋਣੀ ਸੀ
ਕਿ ਆਸ ਜਿਹੇ ਭਾਵਵਾਚਕ ਸ਼ਬਦ ਦੁਆਲੇ
ਕਿਣਕਾ ਕਿਣਕਾ ਹੋ ਕੇ ਪਿੰਡ ਜਾਵੇ
ਸਾਡੀ ਲੋਹੇ ਵਰਗੀ ਹੋਂਦ।" (ਕੁੱਝ ਕਦਮਾਂ ਦੀ ਵਿੱਥ 'ਤੇ', ਪੰ. 63)

ਉਸ ਲਹਿਰ ਦੇ ਸਿਥਲ ਹੋ ਜਾਣ ਕਰਕੇ ਕਵੀ ਇਕ ਉਦਾਸੀ ਵੀ ਮਹਿਸੂਸ ਕਰਦਾ ਹੈ ਤੇ ਅੰਤਰੀਵ ਤੌਰ ਤੇ ਉਸਦਾ ਵਿਸ਼ਲੇਸ਼ਣ ਕਰਨ ਦਾ ਵੀ ਯਤਨ ਕਰ ਰਿਹਾ ਹੈ। ਇਹੀ ਗੱਲ ਉਸਦੀ ਕਵਿਤਾ ਵਿਚ ਧਿਆਨਯੋਗ ਹੈ। ਇਹ ਉਦਾਸੀ ਉਸ ਨੂੰ ਕਿਸੇ ਨਿਰਾਸ਼ਾ ਦੇ ਦ੍ਰਿਸ਼ਟੀਕੋਣ ਨਾਲ ਨਹੀਂ ਜੋੜਦੀ ਸਗੋਂ ਉਹ ਭੌਵਿਖ ਬਾਰੇ ਸੁਚੇਤ ਹੁੰਦਾ ਹੈ ਤੇ ਆਪਣੀਆਂ ਕਈ ਕਵਿਤਾਵਾਂ ਵਿਚ ਉਹ ਬੜੀ ਨਿਰਣਾਤਮਕ ਆਵਾਜ਼ ਵਿਚ ਬੋਲਦਾ ਹੈ। ਉਦਾਹਰਣ ਦੇ ਤੌਰ ਤੇ ਉਹ ਆਪਣੀ ਕਵਿਤਾ ‘ਰੋਹ ਦੇ ਸੁਨੇਹੇ ' ਵਿਚ ਲਿਖਦਾ ਹੈ:

ਫੇਰ ਦਮਾਮਾ ਯੁਧ ਦਾ ਵਜਿਆ
ਗੱਜੀਏ ਰਣ ਵਿਚ ਖੜ ਕੇ।
ਹੱਕ ਅਤੇ ਇਨਸਾਫ ਦੀ ਖਾਤਰ
ਹੱਥ ਭਗੌਤੀ ਫੜ ਕੇ।
ਉਹ ਜੰਮਣਾ ਵੀ ਕਾਹਦਾ ਜੰਮਣਾ
ਉਹ ਜੀਣਾ ਕੀ ਜੀਣਾ,
ਜੇ ਨਾ ਖਾਵੇ ਲਹੂ ਉਬਾਲਾ
ਜੇ ਨਾ ਡੋਲੇ ਫਰਕੇ।
ਕਿਉਂ ਦਰ-ਦਰ ਤੇ ਅਲਖ ਜਗਾਈ ਏ
ਅਸੀਂ ਨਾ ਕੋਈ ਭਿਖਾਰੀ,
ਖੋਹ ਲੈਣੇ ਨੇ ਕਣਕ ਦੇ ਸਿੱਟੇ
ਨਾਲ ਵੈਰੀਆਂ ਲੜ ਕੇ।
ਕੀ ਹੋਇਆ ਕੁਝ ਤਾਰੇ ਟੁੱਟੇ
ਮਘਦੇ ਹੋਰ ਹਜ਼ਾਰਾਂ,
ਜਿਨ੍ਹਾਂ ਚੀਰ ਹਨੇਰਾ ਮਿਲਣਾ
ਸੂਰਜ ਨੂੰ ਜਾ ਤੜਕੇ।" (ਰੋਹ ਦੇ ਸੁਨੇਹੇ, ਪੰ.10)

ਇਸੇ ਗੱਲ ਨੂੰ ਹਰਭਜਨ ਹਲਵਾਰਵੀ ਨੇ ਆਪਣੀਆਂ ਹੋਰ ਬਹੁਤ ਸਾਰੀਆਂ ਕਵਿਤਾਵਾਂ ਵਿਚ ਪੇਸ਼ ਕੀਤਾ ਹੈ। ਉਦਾਹਰਣ ਦੇ ਤੌਰ ਤੇ ਪ੍ਰਸ਼ਨ-ਚਿੰਨ੍ਹ ਵੀ ਇਸੇ ਵਿਧੀ ਤੇ ਸ਼ੈਲੀ ਨੂੰ ਸਾਹਮਣੇ ਲਿਆਉਂਦੀ ਹੈ:

ਜਬਰ ਗਲ ਘੁਟੇਗਾ ਕਦ ਤਕ
ਅਣਖ ਦੇ ਅਹਿਸਾਸ ਦਾ।
ਪ੍ਰਸ਼ਨ ਚਿੰਨ੍ਹ ਹੈ ਬਣ ਗਿਆ
ਅੱਜ ਦਾ ਸਮਾਂ ਇਤਿਹਾਸ ਦਾ।
ਪਾਏਗੀ ਲਾਠੀ ਕਦੋਂ ਤਕ
ਭੁੱਖ ਦੇ ਪਿੰਡੇ ਤੇ ਲਾਸ?
ਖਾਏਗੀ ਗੋਲੀ ਕਦੋਂ ਤਕ
ਹੱਕ ਦੇ ਸੀਨੇ ਦਾ ਮਾਸ? ('ਪ੍ਰਸ਼ਨ ਚਿੰਨਾ' ਪੰ. 12)

[1] ਸੁਤਿੰਦਰ ਸਿੰਘ ਨੂਰ (ਡਾ.), ਆਧੁਨਿਕ ਪੰਜਾਬੀ ਕਾਵਿ ਸਿਧਾਂਤਕ ਪਰਿਪੇਖ, ੯੩

ਇਥੇ ਹਰਭਜਨ ਹਲਵਾਰਵੀ ਨੇ ਸੁਫਨਿਆਂ ਦੀ ਗੱਲ ਵਿਸ਼ੇਸ਼ ਤੌਰ ਤੇ ਕੀਤੀ ਹੈ। ਇਹ ਸ਼ਬਦ ਉਸਦੀਆਂ ਅਜਿਹੀਆਂ ਕਵਿਤਾਵਾਂ ਵਿਚ ਬਹੁਤ ਮਹੱਤਵ ਰਖਦਾ ਹੈ। ਇਸੇ ਲਈ ਉਹ ਇਸ ਸ਼ਬਦ ਨੂੰ ਆਪਣੀਆਂ ਕਵਿਤਾਵਾਂ ਵਿਚ ਬਾਰ-ਬਾਰ ਵਰਤਦਾ ਹੈ। ਨਕਸਲਵਾਦੀ ਲਹਿਰ ਦੇ ਸਿਥਲ ਹੋਣ ਨਾਲ ਕੁਝ ਸੁਫ਼ਨੇ ਮਰ ਰਹੇ ਸਨ, ਉਹ ਉਦਾਸ ਕਰ ਰਹੇ ਸਨ ਪਰ ਕਵੀ ਮਨੁੱਖ ਦੇ ਅਜਿਹੇ ਵਿਅਕਤਿਤਵ ਨੂੰ ਸਾਹਮਣੇ ਨਹੀਂ ਲਿਆਂਦਾ ਜੋ ਇਸ ਉਦਾਸੀ ਵਿਚ ਬਹੁਤ ਲੰਬਾ ਸਮਾਂ ਡੁੱਬਿਆ ਰਹੇ। ਉਹ ਸੁਫ਼ਨੇ ਨੂੰ ਮਨੁੱਖ ਦੇ ਜੀਵਨ ਵਿਚ ਇਸੇ ਲਈ ਮਹੱਤਵ ਦਿੰਦਾ ਹੈ ਕਿਉਂਕਿ ਭੌਵਿਖ ਦਾ ਸੁਫ਼ਨਾ ਮਨੁੱਖ ਨੂੰ ਆਦਰਸ਼ਵਾਦੀ ਵੀ ਬਣਾਉਂਦਾ ਹੈ ਤੇ ਉਸ ਨੂੰ ਭਵਿਖਮੁੱਖੀ ਜਾਂ ਇਕ ਚੇਤੰਨ ਵਿਅਕਤੀ ਵੀ ਸਿੱਧ ਕਰਦਾ ਹੈ। ਹਰ ਸਥਿਤੀ ਵਿਚ ਉਹ ਸੁਫਨੇ ਨੂੰ ਜੀਵਿਤ ਰੱਖਦਾ ਹੈ। ਸੁਫ਼ਨਾ ਸੰਘਰਸ਼ ਵਿਚ ਮਨੁੱਖ ਨੂੰ ਸਮਰਥਾ ਦਿੰਦਾ ਹੈ। ਇਸ ਗੱਲ ਨੂੰ ਹਰਭਜਨ ਹਲਵਾਰਵੀ ਨੇ ਸਿੱਧਾਂਤਕ ਲਹਿਜੇ ਵਿਚ ਆਪਣੀ ਕਵਿਤਾ 'ਸੁਪਨੇ' ਵਿਚ ਪੇਸ਼ ਕੀਤਾ :

ਫੁੱਲ ਖਿੜ ਰਹੇ ਹੋਣ  
ਜਾਂ ਪੱਤ ਝੜ ਰਹੇ।  
ਤਪਦੀ ਦੁਪਹਿਰ ਹੋਵੇ  
ਜਾਂ ਹਨੇਰੀ ਰਾਤ।  
ਰੁਮਕਦੀ ਪੌਣ ਹੋਵੇ  
ਜਾਂ ਬੰਦ ਕੋਠੜੀ ਦਾ ਹੁੰਮਸ।  
ਹੱਥ ਵਿਚ ਕਲਮ ਹੋਵੇ  
ਜਾਂ ਹੱਥਕੜੀ ਦਾ ਛੱਲਾ।  
ਇਹ ਥਾਂ ਕੁਥਾਂ ਨਹੀਂ ਦੇਖਦੇ  
ਸੁਪਨੇ ਤਾਂ ਹਰ ਥਾਂ ਆਉਂਦੇ ਨੇ।" (ਸੁਪਨੇ ' ਪੰ. 17)

ਇਕ ਪਾਸੇ ਹਲਵਾਰਵੀ ਆਪਣੀਆਂ ਇਨ੍ਹਾਂ ਕਵਿਤਾਵਾਂ ਵਿਚ ਆਪਣੇ ਕਾਵਿ-ਸ਼ਾਸਤਰ ਅਤੇ ਸੁਪਨਿਆਂ ਦੀ ਗੱਲ ਕਰਦਾ ਹੈ ਦੂਜੇ ਇਨ੍ਹਾਂ ਕਵਿਤਾਵਾਂ ਵਿਚ ਉਸਦਾ ਇਕ ਹੋਰ ਪੱਖ ਵੀ ਸਾਹਮਣੇ ਆ ਜਾਂਦਾ ਹੈ ਜਿਸਦਾ ਸੰਬੰਧ ਪਿਆਰ ਕਾਵਿ ਦੀ ਦ੍ਰਿਸ਼ਟੀ ਨਾਲ ਹੈ ਜਿਸ ਬਾਰੇ ਵਧੇਰੇ ਗੱਲ ਉਸਦੀ ਦੂਜੀ ਪੁਸਤਕ 'ਪਿਘਲੇ ਹੋਏ ਪਲਾਂ' ਵਿਚ ਕੀਤੀ ਹੈ। ਪਰ ਇਨ੍ਹਾਂ ਕਵਿਤਾਵਾਂ ਵਿਚ ਉਸ ਦੀ ਪਿਆਰ ਦ੍ਰਿਸ਼ਟੀ ਉਘੜਨੀ ਸ਼ੁਰੂ ਹੋ ਜਾਂਦੀ ਹੈ ਤੇ ਇਹ ਪਿਛਲੇ ਰੁਮਾਂਟਿਕ ਕਾਵਿ ਤੋਂ ਬਿਲਕੁਲ ਵੱਖਰੀ ਹੈ। ਇਸ ਦ੍ਰਿਸ਼ਟੀ ਤੋਂ ਉਸਦੀ ਕਵਿਤਾ 'ਅਸਮਰਨ' ਬਾਰੇ ਗੱਲ ਕੀਤੀ ਜਾ ਸਕਦੀ ਹੈ। ਉਸਨੇ ਕਦੇ ਰੰਗਾਂ ਤੇ ਖੁਸ਼ਬੂਆਂ ਵਿਚ ਭਿੱਜਿਆਂ ਇਕ ਗੀਤ ਲਿਖਿਆ ਸੀ ਜੋ ਉਸਨੇ ਉਸ ਕੁੜੀ ਦੇ ਨਾਂ ਕੀਤਾ ਸੀ ਜਿਸਨੂੰ ਉਹ ਉਸ ਸਮੇਂ ਪਿਆਰ ਕਰਦਾ ਹੈ ਪਰ ਉਸਨੇ ਉਸ ਗੀਤ ਦੀ ਦ੍ਰਿਸ਼ਟੀ ਨੂੰ ਨਹੀਂ ਸੀ ਸਮਝਿਆ। ਕਵੀ ਉਸ ਤੋਂ ਬਾਅਦ ਰਚੇ ਹੋਏ ਗੀਤ ਉਸ ਕੁੜੀ ਨੂੰ ਸਮਰਪਿਤ ਕਰਨ ਤੋਂ ਇਨਕਾਰ ਕਰ ਦਿੰਦਾ ਹੈ ਤੇ ਉਸ ਦੀ ਥਾਂ ਤੇ ਆਪਣੇ ਗੀਤ ਜਿਨ੍ਹਾਂ ਕੁੜੀਆਂ ਤੇ ਸੰਘਰਸ਼ੀਲ ਵਿਅਕਤੀਆਂ ਨੂੰ ਪੇਸ਼ ਕਰਨਾ ਚਾਹੁੰਦਾ ਹੈ ਉਸ ਦ੍ਰਿਸ਼ਟੀ ਤੋਂ ਕਵੀ ਕਹਿੰਦਾ ਹੈ:

ਇਹ ਗੀਤ ਮੈਂ ਦੇਵਾਂਗਾ  
ਕਿਸੇ ਸਿਲਾ ਚੁਗਦੀ ਲਗਰ ਨੂੰ  
ਕਣਕ ਦੇ ਰੰਗ ਨਾਲ ਜਿਸਨੂੰ ਪਿਆਰ ਹੈ।  
ਜਾਂ ਕਿਸੇ ਅਧ-ਬਸਤਰੀ ਫਿਰਦੀ ਬੰਗਾਲਣ ਨੂੰ  
ਜਿਸਦੇ ਅੰਗੀ ਸਮੋਈ ਧਾਨਾਂ ਦੀ ਮਹਿਕ।  
ਜਾਂ ਬਰਫ਼ ਵਿਚ ਠਰਦੀ ਕਸ਼ਮੀਰਨ ਕਿਸੇ ਨੂੰ  
ਅੱਧੀ ਰਾਤੀ ਜਿਸਦੀ ਬੁਝ ਗਈ ਕਾਂਗੜੀ।  
ਜਾਂ ਦਿਆਂਗਾ ਗੀਤ ਇਹ ਗੁਰੀਲਿਆਂ ਨੂੰ  
ਨੇਰੀਆਂ ਰਾਤਾਂ ਵਿਚ ਜੋ ਭੁੱਲਣ ਨਾ ਰਾਹ।  
ਜਾਂ ਮੈਂ ਇਸਨੂੰ ਤਾਰ ਦੇਵਾਂਗਾ  
ਸਤਲੁਜ ਦੇ ਪਾਣੀਆਂ ਤੇ  
ਲਿਖ ਕੇ ਇਸਦੀ ਹਿੱਕ ਤੇ ਵਿਦਰੋਹ ਦੇ ਬੋਲ। (ਅਸਮਰਪਣ ਪੰ. 19-20)

ਜਿਨ੍ਹਾਂ ਯੁਵਤੀਆਂ ਨੂੰ ਆਪਣਾ ਗੀਤ ਅਰਪਣ ਕਰਨਾ ਚਾਹੁੰਦਾ ਹੈ ਉਹ ਸਾਧਾਰਣ ਜ਼ਿੰਦਗੀ ਦੇ ਯਥਾਰਥ ਨਾਲ ਜੁੜੀ ਹੋਈਆਂ ਹਨ ਜਾਂ ਉਹ ਆਪਣਾ ਗੀਤ ਗੁਰੀਲੇ ਨੂੰ ਭੇਟ ਕਰਨਾ ਚਾਹੁੰਦਾ ਹੈ ਤੇ ਜਾਂ ਉਨ੍ਹਾਂ ਨਾਲ ਸਤਲੁਜ ਦੇ ਪਾਣੀਆਂ ਤੇ ਵਿਦਰੋਹ ਦੇ ਬੋਲ ਲਿਖਣਾ ਚਾਹੁੰਦਾ ਹੈ। ਇਹ ਸਤਰਾਂ ਉਸਦੀ ਪਿਆਰ ਦ੍ਰਿਸ਼ਟੀ ਨੂੰ ਤਾਂ ਪ੍ਰਗਟ ਕਰਦੀਆਂ ਹਨ ਪਰ ਇਥੇ ਧਿਆਨਯੋਗ ਗੱਲ ਇਹ ਹੈ ਕਿ ਉਸਦੀ ਇਹ ਪਿਆਰ ਦ੍ਰਿਸ਼ਟੀ ਉਸਦੀ ਕ੍ਰਾਂਤੀਕਾਰੀ ਕਵਿਤਾ ਜਾਂ ਉਸਦੀ ਕਾਵਿ-ਸ਼ਾਸਤਰੀ ਚੇਤਨਾ ਨਾਲ ਡੂੰਘੀ ਤਰ੍ਹਾਂ ਸੰਬੰਧਿਤ ਹੈ। ਉਸਨੇ ਸ਼ੁਰੂ ਵਿਚ ਵੀ ਇਹ ਸਵਾਲ ਉਠਾਇਆ ਕਿ ਕਿਹੋ ਜਿਹੇ ਸ਼ਬਦ ਤੇ ਕਿਹੋ ਜਿਹੀ ਕਵਿਤਾ ਵਧੇਰੇ ਸਮਰਥਾ ਵਾਲੀ ਹੁੰਦੀ ਹੈ ਜਾਂ ਕ੍ਰਾਂਤੀਕਾਰੀ ਹੁੰਦੀ ਹੈ ਤੇ ਇਥੇ ਉਸਨੇ ਜੋ ਗੀਤ ਦਾ ਸੰਕਲਪ ਬਣਾਇਆ ਹੈ ਉਹ ਉਸੇ ਕ੍ਰਾਂਤੀਕਾਰੀ ਕਵਿਤਾ ਵਾਲਾ ਹੈ। ਉਸਨੇ ਜੋ ਕ੍ਰਾਂਤੀਕਾਰੀ ਕਵਿਤਾ ਲਿਖੀ ਉਸਦਾ ਸੰਬੰਧ ਸੰਘਰਸ਼ਸ਼ੀਲ ਮਨੁੱਖ ਨਾਲ ਸੀ। ਇਥੇ ਉਸਨੇ ਜਿਨ੍ਹਾਂ ਯੁਵਤੀਆਂ ਨੂੰ ਆਪਣੇ ਗੀਤ ਦੇ ਸਮਰਪਣ ਦਾ ਆਧਾਰ ਬਣਾਇਆ ਹੈ ਜਿਨ੍ਹਾਂ ਲਈ ਪਿਆਰ ਪ੍ਰਗਟ ਕੀਤਾ ਹੈ ਉਹ ਸਾਧਾਰਣ ਤੇ ਧਰਤੀ ਨਾਲ ਜੁੜੀਆਂ ਸੰਘਰਸ਼ਸ਼ੀਲ ਯੁਵਤੀਆਂ ਹਨ। ਇਉਂ ਹਰਭਜਨ ਹਲਵਾਰਵੀ ਦੀ ਜੋ ਪਿਆਰ ਦ੍ਰਿਸ਼ਟੀ ਉਘੜਨੀ ਸ਼ੁਰੂ ਹੁੰਦੀ ਹੈ ਉਸਦਾ ਮੂਲ ਸੰਬੰਧ ਵੀ ਉਸਦੀ ਕ੍ਰਾਂਤੀਕਾਰੀ ਦ੍ਰਿਸ਼ਟੀ ਨਾਲ ਰਹਿੰਦਾ ਹੈ। ਭਾਵੇਂ ਉਸਨੇ ਇਸ ਸੰਗ੍ਰਹਿ ਵਿਚ ਪਿਆਰ ਕਾਵਿ ਦੀ ਰਚਨਾ ਉਨੇ ਵਿਸਥਾਰ ਨਾਲ ਨਹੀਂ ਕੀਤੀ ਜਿੰਨੀ 'ਪਿਘਲੇ ਹੋਏ ਪਲਾਂ' ਵਿਚ। ਪਰ ਇਥੇ ਅਸੀਂ ਉਸਦੀ ਪਿਆਰ ਦ੍ਰਿਸ਼ਟੀ ਵੱਲ ਹੀ ਸੰਕੇਤ ਕੀਤਾ ਹੈ।

**ਪੁਸਤਕ-ਸੂਚੀ**


1. ਹਰਭਜਨ ਹਲਵਾਰਵੀ, ਪਿਘਲੇ ਹੋਏ ਪਰ, ਨਵਯੁਗ ਪਬਲਿਸ਼ਰਜ, ਦਿੱਲੀ, 1985.
2. ਪੰਖ ਵਿਹੂਣਾ, ਰਵੀ ਸਾਹਿਤ ਪ੍ਰਕਾਨ, ਅੰਮ੍ਰਿਤਸਰ, 1991.
3. ਪੌਣ ਉਦਾਸ ਹੈ।, ਲਾਹੌਰ ਬੁੱਕ ਸ਼ਾਪ, ਅੰਮ੍ਰਿਤਸਰ
4. ਸੇਧ, ਅੰਕ ਅਪ੍ਰੈਲ, 1981 .
5. ਆਰਸੀ, ਅੰਕ (ਜੂਨ, 1991.